## ਸਾਡੇ ਬਾਰੇ

ਪੀਲ ਰੀਜਨ ਵਿੱਚ ਯੂਨਾਈਟਿਡ ਵੇ 1967 ਵਿੱਚ ਸਥਾਪਤ ਹੋਈ ਸੀ ਅਤੇ ਸਮਾਜਕ ਸਥਿਤੀਆਂ ਨੂੰ ਇਸ ਤਰ੍ਹਾਂ ਸੁਧਾਰਦਿਆਂ, ਕਿ ਹਰ ਕੋਈ ਵਧ-ਫੁੱਲ ਸਕੇ, ਇਹ ਮਿਸੀਸਾਗਾ, ਬਰੈਂਪਟਨ ਅਤੇ ਕੈਲੇਡੌਨ ਦੀ ਕਮਿਊਨਿਟੀਆਂ ਦੀ ਸੇਵਾ ਕਰਦੀ ਹੈ। ਯੂਨਾਈਟਿਡ ਵੇ ਸਮਾਜਕ ਤਬਦੀਲੀ ਦੀ ਅਜਿਹੀ ਨਿਰੋਈ ਆਵਾਜ਼ ਹੈ ਜੋ ਸਾਡੀ ਕਮਿਊਨਿਟੀ ਨੂੰ ਮਜ਼ਬੂਤ ਕਰਦੀ ਹੈ ਅਤੇ ਜੀਵਨ ਨੂੰ ਬੇਹਤਰ ਬਣਾਉਂਦੀ ਹੈ। ਸਾਡੀ ਕਮਿਊਨਿਟੀ ਦੀ ਹਰੇਕ ਨੁੱਕਰ ਤੋਂ ਅਤੇ ਹਰੇਕ ਪਹਿਲੂ ਤੋਂ ਆਉਂਦੇ ਵਿਅਕਤੀ ਯੂਨਾਈਟਿਡ ਵੇ ਤੋਂ ਲਾਭ ਉਠਾਉਂਦੇ ਹਨ।

## ਸਾਡੀ ਦਰਿਸ਼ਟੀ

ਜਾਰੀ ਰੱਖੀ ਜਾ ਸਕਣਵਾਲੀ ਅਜਿਹੀ ਤਬਦੀਲੀ ਦਾ ਪੱਖ ਪੂਰਨ ਅਤੇ ਪ੍ਰੇਰਣਾ ਦੇਣੀ ਜੋ ਕਮਿਊਨਿਟੀ ਨੂੰ ਮਜ਼ਬੂਤ ਬਣਾਉਂਦੀ ਹੈ ਅਤੇ ਜੀਵਨ ਵਿੱਚ ਸੁਧਾਰ ਲਿਆਉਂਦੀ ਹੈ।

## ਸਾਡਾ ਉਦੇਸ਼

ਇਹ ਯਕੀਨੀ ਬਣਾਉਣ ਵਾਸਤੇ ਕਿ ਲੋਕਾਂ ਦਾ ਧਿਆਣ ਰੱਖਿਆ ਜਾਂਦਾ ਹੈ, ਉਹ (ਸਾਡੇ ਨਾਲ) ਜੁੜੇ ਹੋਏ ਹਨ ਅਤੇ ਸਾਡੇ ਵਿੱਚ ਸ਼ਾਮਲ ਹਨ, ਇਸ ਤਰ੍ਹਾਂ ਭਾਈਵਾਲੀ ਰਾਹੀਂ ਆਪਣੀ ਕਮਿਊਨਿਟੀ ਨਾਲ ਸਾਂਝ ਪਾਉਣੀ ਹੈ।

## ਸਾਡੀਆਂ ਕਦਰਾਂ-ਕੀਮਤਾਂ

ਸਾਡੀਆਂ ਕਦਰਾਂ-ਕੀਮਤਾਂ ਵਿੱਚ ਸ਼ਮੂਲੀਅਤ, ਉੱਤਰਦਾਇਕਤਾ, ਇਮਾਨਦਾਰੀ, ਸਹਿਕਾਰਤਾ, ਵਲੰਟੀਅਰਵਾਦ ਅਤੇ (ਭਵਿਖ ਲਈ) ਦਰਿਸ਼ਟੀ ਸ਼ਾਮਲ ਹਨ।

## ਫੰਡ ਦੇਣ ਲੱਗਿਆਂ ਪਹਿਲ ਦੇਣ ਦੇ ਆਧਾਰ

ਯੂਨਾਈਟਿਡ ਵੇ ਨੂੰ ਦਿੱਤੇ ਦਾਨ ਨੂੰ ਅਜਿਹੇ ਪ੍ਰੋਗਰਾਮਾਂ, ਸੇਵਾਵਾਂ ਅਤੇ ਪਹਿਲਕਦਮੀਆਂ ਵਿੱਚ ਲਾਇਆ ਜਾਂਦਾ ਹੈ ਜੋ ਸਾਡੀ ਕਮਿਊਨਿਟੀ ਦੀਆਂ ਸਭ ਤੋਂ ਵੱਧ ਅਹਿਮ ਸਮਾਜਕ ਲੋੜਾਂ ਨੂੰ ਪੂਰੀਆਂ ਕਰਨ ਲਈ ਸੰਪੂਰਨ ਅਤੇ ਬੱਝਵੀਂ ਪਹੁੰਚ ਸਿਰਜਦੀਆਂ ਹੋਣ:

- ਪਰਿਵਾਰਾਂ ਅਤੇ ਬੱਚਿਆਂ ਨੂੰ ਮਜ਼ਬੂਤ ਬਣਾਉਣਾ;
- ਭੁੱਖਮਰੀ, ਬੇਘਰੀ ਅਤੇ ਗ਼ਰੀਬੀ ਨੂੰ ਘਟਾਉਣਾ;
- ਨਵੇਂ ਆਉਣ ਵਾਲਿਆਂ ਦੀ ਵਸੇਬੇ ਅਤੇ ਰਚਣ-ਮਿਚਣ ਵਿੱਚ ਮਦਦ ਕਰਨੀ;
- ਬਜ਼ੁਰਗਾਂ ਵੱਲੋਂ ਸੇਹਤਮੰਦ ਅਤੇ ਸੁਤੰਤਰ ਜੀਵਨ ਬਿਤਾਉਣ ਵਿੱਚ ਉਨ੍ਹਾਂ ਦੀ ਮਦਦ ਕਰਨੀ; ਅਤੇ
- ਦੁਰਵਿਹਾਰ ਦੀਆਂ ਸ਼ਿਕਾਰ ਔਰਤਾਂ ਅਤੇ ਬੱਚਿਆਂ ਦੀ ਮਦਦ ਕਰਨੀ।

## ਸਮਾਜਕ ਤਬਦੀਲੀ ਲਿਆਉਣੀ

ਸਮੱਸਿਆ ਦੀ ਜੜ੍ਹ ਨਾਲ ਨਜਿੱਠ ਕੇ ਹੀ ਸਥਾਈ ਤਬਦੀਲੀ ਆਉਂਦੀ ਹੈ। ਭਾਵੇਂ ਯੂਨਾਈਟਿਡ ਵੇ ਤੁਰੰਤ ਲੋੜਾਂ ਪੂਰੀਆਂ ਕਰਨੀਆਂ ਜਾਰੀ ਰੱਖ ਰਹੀ ਹੈ, ਅਸੀਂ ਇਨ੍ਹਾਂ ਲੋੜਾਂ ਦੀਆਂ ਜੜ੍ਹਾਂ ਨਾਲ ਵੀ ਨਜਿੱਠਦੇ ਹਾਂ। ਅਸੀਂ ਸਮਾਜਕ ਸਮੱਸਿਆਵਾਂ, ਜਿਵੇਂ ਕਿ ਗ਼ਰੀਬੀ, ਨਵੇਂ ਆਉਣ ਵਾਲਿਆਂ ਲਈ ਮੌਕੇ,ਪਰਿਵਾਰਿਕ ਹਿੰਸਾ, ਅਤੇ ਅਲਿਹਦਗੀ ਦੇ ਕਾਰਨਾਂ ਦਾ ਮੁਆਇਨਾ ਕਰਦੇ ਹਾਂ ਅਤੇ ਕਮਿਊਨਿਟੀ ਨਾਲ ਮਿਲ਼ ਕੇ ਹੱਲ ਲੱਭਦੇ ਤੇ ਉਨ੍ਹਾਂ ਨੂੰ ਲਾਗੂ ਕਰਦੇ ਹਾਂ। ਜਾਰੀ ਰੱਖਣਯੋਗ ਸਮਾਜਕ ਤਬਦੀਲੀ ਲਿਆਉਣ ਲਈ ਯੂਨਾਈਟਿਡ ਵੇ ਪੰਜ ਨੁਕਾਤੀ ਸੰਗਠਿਤ ਪਹੁੰਚ ਅਪਣਾਉਂਦੀ ਹੈ:

1. (53 ਕਮਿਊਨਿਟੀ ਏਜੰਸੀਆਂ ਵੱਲੋਂ ਚਲਾਈਆਂ ਜਾਂਦੀਆਂ) ਉੱਤਮ ਪ੍ਰਬੰਧ ਵਾਲੀਆਂ 109 ਮਨੁੱਖੀ ਸੰਭਾਲ ਸੇਵਾਵਾਂ ਅਤੇ ਅਜਿਹੇ ਪ੍ਰੋਗਰਾਮ ਜੋ ਕਮਿਊਨਿਟੀ ਦੀਆਂ ਲੋੜਾਂ ਪੂਰੀਆਂ ਕਰਨ ਉੱਤੇ ਕੇਂਦਰਤ ਹੋਣ, ਵਿੱਚ ਵਿਉਂਤਬੱਧ ਤਰੀਕੇ ਨਾਲ ਨਿਵੇਸ਼ ਕਰਨਾ।
2. ਗ਼ਰੀਬੀ, ਨਵੇਂ ਆਉਣ ਵਾਲਿਆਂ ਲਈ ਮੌਕਿਆਂ, ਅਤੇ ਮੁੱਢਲੇ ਬਾਲ ਵਿਕਾਸ ਜਿਹੇ ਪੇਚੀਦਾ ਸਮਾਜਕ ਮਸਲਿਆਂ ਨਾਲ ਨਜਿੱਠਣ ਲਈ ਕਮਿਊਨਿਟੀ ਆਧਾਰਤ ਭਾਈਵਾਲਤਾ ਦਾ ਪੱਖ ਪੂਰਨਾ ਅਤੇ ਅਗਵਾਈ ਦੇਣਾ ਹੈ।

3. ਇਹ ਯਕੀਨੀ ਬਣਾਉਣ ਲਈ ਕਿ ਕਮਿਊਨਿਟੀ ਕੋਲ ਮਜ਼ਬੂਤ, ਜਾਰੀ ਰਹਿਣਯੋਗ ਸੰਭਾਲ ਨੈੱਟਵਰਕ ਹੋਵੇ, ਏਜੰਸੀ ਦੇ ਕਰਮਚਾਰੀਆਂ ਅਤੇ ਵਲੰਟੀਅਰਾਂ ਨੂੰ ਸਿਖਲਾਈ ਦੇਣੀ ਅਤੇ ਹੁਨਰ ਵਿਕਾਸ ਕਰਨ ਦੇ ਮੌਕੇ ਮੁਹੱਈਆ ਕਰਨੇ।
4. ਨਾਬਰਾਬਰੀ ਨੂੰ ਖ਼ਤਮ ਕਰ ਕੇ ਅਤੇ ਮੌਕਿਆਂ ਦਾ ਵਿਸਥਾਰ ਕਰ ਕੇ ਪਬਲਿਕ ਪਾਲਸੀ ਵਿੱਚ ਤਬਦੀਲੀ ਲਿਆਉਣ ਦੀ ਹਮਾਇਤ ਕਰਨੀ ਤਾ ਕਿ ਵਿਅਕਤੀ ਆਪਣੀਆਂ ਸੰਭਾਵਨਾਵਾਂ ਅਨੁਸਾਰ ਵਧ-ਫੁਲ ਸਕਣ।
5. ਆਪਣੀ ਕਮਿਊਨਿਟੀ ਦੇ ਸਾਧਨਾਂ ਵਿੱਚ ਵਾਧਾ ਕਰਨਾ

**ਕਮਿਊਨਿਟੀ ਫ਼ੰਡ**

ਕਮਿਊਨਿਟੀ ਫ਼ੰਡ ਵਿੱਚ ਪੀਲ ਰੀਜਨ ਦੀ ਯੂਨਾਈਟਿਡ ਵੇ ਨੂੰ ਪ੍ਰਾਪਤ ਸਾਰੇ ਅਜਿਹੇ ਦਾਨ ਸ਼ਾਮਲ ਹੁੰਦੇ ਹਨ ਜਿੰਨ੍ਹਾਂ ਨੂੰ ਕਿਸੇ ਹੋਰ ਰਜਿਸਟਰਸ਼ੁਦਾ ਖ਼ੈਰਾਇਤੀ ਸੰਸਥਾ ਲਈ ਨਾਮਜ਼ਦ ਨਹੀਂ ਕੀਤਾ ਗਿਆ। ਇਹ ਦਾਨ ਅਜਿਹੇ ਹਨ ਜਿੰਨ੍ਹਾਂ ਦਾ ਨਿਵੇਸ਼ ਪੀਲ ਅੰਦਰ ਇਸ ਨੀਤੀ ਨਾਲ ਕੀਤਾ ਜਾਂਦਾ ਹੈ ਕਿ ਉਹ ਜਾਰੀ ਰਹਿ ਸਕਣਯੋਗ ਸਮਾਜਿਕ ਤਬਦੀਲੀ ਲਿਆਉਣ ਤਾ ਕਿ ਸਾਡੀ ਕਮਿਊਨਿਟੀ ਵਿੱਚ ਹਰ ਕੋਈ ਵਧ-ਫੁੱਲ ਸਕੇ। ਕਮਿਊਨਿਟੀ ਫ਼ੰਡ ਅਜਿਹੇ ਪ੍ਰੋਗਰਾਮਾਂ, ਸੇਵਾਵਾਂ ਅਤੇ ਪਹਿਲਕਦਮੀਆਂ ਨੂੰ ਹਮਾਇਤ ਦਿੰਦਾ ਹੈ ਜੋ ਫ਼ੰਡ ਦੇਣ ਲਈ ਸਾਡੇ ਪਹਿਲ ਦੇਣ ਵਾਲੇ ਪੰਜ ਨੁਕਾਤੀ ਆਧਾਰਾਂ ਨੂੰ ਸੰਬੋਧਤ ਹੋਵੇ। ਸਾਡੀ ਕਮਿਊਨਿਟੀ ਅੰਦਰ ਪੇਚੀਦਾ ਮਨੁੱਖੀ ਸੰਭਾਲ ਦੇ ਮੱਸਲਿਆਂ ਪ੍ਰਤੀ ਇਹ ਕੇਂਦਰਤ, ਸਰਬੰਗੀ ਅਤੇ ਬੱਝਵੀ ਪਹੁੰਚ ਮੁਹੱਈਆ ਕਰਦਾ ਹੈ। ਇਹ ਸੰਪੂਰਨ ਪਹੁੰਚ ਦਹੁਰਾਅ ਨੂੰ ਖ਼ਤਮ ਕਰਨ ਵਿੱਚ ਮਦਦ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਸਾਧਨਾਂ ਨੂੰ ਵੱਧ ਤੋਂ ਵੱਧ ਅਸਰਦਾਇਕ ਹੋਣ ਲਈ ਵਰਤਿਆ ਜਾਵੇ।

ਪੀਲ ਰੀਜਨ ਅੰਦਰ ਯੂਨਾਈਟਿਡ ਵੇ ਦਾ ਖ਼ਰਾਇਤੀ ਕਾਰੋਬਾਰ ਨੰਬਰ (Charitable Business Number) 108102807 RR001 ਹੈ